# ਮੁਫ਼ਤ ਅਤੇ ਘਟੇ ਮੁੱਲ ਦੇ ਸਕੂਲ ਭੋਜਨ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

ਪਿਆਰੇ ਮਾਪੇ/ਸਰਪ੍ਰਸਤ:

ਬੱਚਿਆਂ ਨੂੰ ਸਿੱਖਣ ਲਈ ਸਿਹਤਮੰਦ ਭੋਜਨ ਦੀ ਲੋੜ ਹੁੰਦੀ ਹੈ। ਫਰੈਂਕਲਿਨ ਟਾਊਨਸ਼ਿਪ ਕਮਿਊਨਿਟੀ ਸਕੂਲ ਕਾਰਪੋਰੇਸ਼ਨ ਹਰ ਸਕੂਲੀ ਦਿਨ ਸਿਹਤਮੰਦ ਭੋਜਨ ਦੀ ਪੇਸ਼ਕਸ਼ ਕਰਦਾ ਹੈ। ਨਾਸ਼ਤੇ ਦੀ ਕੀਮਤ $1.85; ਦੁਪਹਿਰ ਦੇ ਖਾਣੇ ਦੀ ਕੀਮਤ ਐਲੀਮੈਂਟਰੀ ਲਈ $2.85 ਅਤੇ ਸੈਕੰਡਰੀ ਲਈ $2.95 ਹੈ। ਤੁਹਾਡੇ ਬੱਚੇ ਮੁਫਤ ਭੋਜਨ ਜਾਂ ਸਸਤੇ ਭਾਅ ਵਾਲੇ ਭੋਜਨ ਲਈ ਯੋਗ ਹੋ ਸਕਦੇ ਹਨ। ਘੱਟ ਕੀਮਤ ਨਾਸ਼ਤੇ ਲਈ $.30 ਅਤੇ ਦੁਪਹਿਰ ਦੇ ਖਾਣੇ ਲਈ $.40 ਹੈ। ਇਸ ਪੈਕੇਟ ਵਿੱਚ ਮੁਫਤ ਜਾਂ ਘੱਟ ਕੀਮਤ ਵਾਲੇ ਭੋਜਨ ਲਾਭਾਂ ਲਈ ਇੱਕ ਐਪਲੀਕੇਸ਼ਨ, ਅਤੇ ਵਿਸਤ੍ਰਿਤ ਹਦਾਇਤਾਂ ਦਾ ਇੱਕ ਸੈੱਟ ਸ਼ਾਮਲ ਹੈ। ਅਰਜ਼ੀ ਪ੍ਰਕਿਰਿਆ ਵਿੱਚ ਤੁਹਾਡੀ ਮਦਦ ਕਰਨ ਲਈ ਹੇਠਾਂ ਕੁਝ ਆਮ ਸਵਾਲ ਅਤੇ ਜਵਾਬ ਦਿੱਤੇ ਗਏ ਹਨ।

1. ਮੁਫ਼ਤ ਜਾਂ ਘਟੇ ਮੁੱਲ ਦਾ ਭੋਜਨ ਕੌਣ ਪ੍ਰਾਪਤ ਕਰ ਸਕਦਾ ਹੈ?
   - ਘਰਾਂ ਵਿੱਚ **Indiana SNAP** ਤੋਂ ਜਾਂ **Indiana TANF**ਤੋਂ ਫ਼ਾਇਦੇ ਪ੍ਰਾਪਤ ਕਰਨ ਵਾਲੇ ਸਾਰੇ ਬੱਚੇ ਮੁਫ਼ਤ ਭੋਜਨ ਲਈ ਪਾਤਰ ਹਨ।
   - ਫੋਸਟਰ ਬੱਚੇ, ਜੋ ਕਿਸੇ ਫੋਸਟਰ ਦੇਖਭਾਲ ਏਜੰਸੀ ਜਾਂ ਅਦਾਲਤ ਦੀ ਕਨੂੰਨੀ ਜ਼ਿੰਮੇਵਾਰੀ ਦੇ ਅਧੀਨ ਹਨ, ਉਹ ਮੁਫ਼ਤ ਭੋਜਨ ਲਈ ਪਾਤਰ ਹਨ।
   - ਆਪਣੇ ਸਕੂਲ ਦੇ ਹੈਡ ਸਟਾਰਟ (Head Start) ਕਾਰਜਕਰਮ ਵਿੱਚ ਹਿੱਸਾ ਲੈਣ ਵਾਲੇ ਬੱਚੇ ਮੁਫ਼ਤ ਭੋਜਨ ਲਈ ਪਾਤਰ ਹਨ।
   - ਜੋ ਬੱਚੇ ਬੇਘਰ, ਘਰ ਤੋਂ ਭੱਜੇ ਜਾਂ ਪਰਵਾਸੀ ਦੀ ਪਰਿਭਾਸ਼ਾ ਨੂੰ ਪੂਰਾ ਕਰਦੇ ਹਨ, ਉਹ ਮੁਫ਼ਤ ਭੋਜਨ ਲਈ ਪਾਤਰ ਹਨ।
   - ਬੱਚੇ ਤਦ ਮੁਫ਼ਤ ਜਾਂ ਘਟੇ ਮੁੱਲ ਦਾ ਭੋਜਨ ਪ੍ਰਾਪਤ ਕਰ ਸਕਦੇ ਹਨ, ਜੇਕਰ ਤੁਹਾਡੀ ਘਰੇਲੂ ਆਮਦਨੀ ਸੰਘੀ ਆਮਦਨੀ ਪਾਤਰਤਾ ਗਾਈਡਲਾਈਨਾਂ (Federal Income Eligibility Guidelines) ਵਿੱਚ ਦਿੱਤੀਆਂ ਸੀਮਾਵਾਂ ਦੇ ਅੰਦਰ ਹੈ।ਤੁਹਾਡੇ ਬੱਚੇ ਤਦ ਮੁਫ਼ਤ ਜਾਂ ਘਟੇ ਮੁੱਲ ਦੇ ਭੋਜਨ ਲਈ ਪਾਤਰ ਹੋ ਸਕਦੇ ਹਨ, ਜੇਕਰ ਤੁਹਾਡੀ ਘਰੇਲੂ ਆਮਦਨੀ ਇਸ ਚਾਰਟ ਤੇ ਦਿੱਤੀਆਂ ਸੀਮਾਵਾਂ ਤੇ ਹੈ ਜਾਂ ਇਸਤੋਂ ਘੱਟ ਹੈ।

| ਸਕੂਲ ਦੇ ਸਾਲ _________ ਲਈ ਸੰਘੀ ਪਾਤਰਤਾ ਆਮਦਨੀ ਚਾਰਟ | | | |
|---|---|---|---|
| ਘਰ ਦੇ ਮੈਂਬਰਾਂ ਦੀ ਸੰਖਿਆ | ਸਾਲਾਨਾ | ਮਾਸਿਕ | ਹਫ਼ਤਾਵਾਰ |
| 1 | 27,861 | 2,322 | 536 |
| 2 | 37,814 | 3,152 | 728 |
| 3 | 47,767 | 3,981 | 919 |
| 4 | 57,720 | 4,810 | 1,110 |
| 5 | 67,673 | 5,640 | 1,302 |
| 6 | 77,626 | 6,469 | 1,493 |
| 7 | 87,579 | 7,299 | 1,685 |
| 8 | 97,532 | 8,128 | 1,876 |
| ਹਰੇਕ ਵਾਧੂ ਵਿਅਕਤੀ: | +9,953 | +830 | +192 |

2. ਮੈਨੂੰ ਕਿਵੇਂ ਪਤਾ ਚੱਲੇਗਾ ਕਿ ਮੇਰੇ ਬੱਚੇ ਬੇਘਰ, ਪਰਵਾਸੀ ਜਾਂ ਘਰ ਤੋਂ ਭੱਜੇ ਦੇ ਤੌਰ ਤੇ ਪਾਤਰ ਹਨ?ਕੀ ਤੁਹਾਡੇ ਘਰ ਦੇ ਮੈਂਬਰਾਂ ਕੋਲ ਸਥਾਈ ਪਤਾ ਹੈ?ਕੀ ਤੁਸੀਂ ਕਿਸੇ ਪਨਾਹਗਾਹ, ਹੋਟਲ ਜਾਂ ਕਿਸੇ ਹੋਰ ਅਸਥਾਈ ਰਿਹਾਇਸ਼ੀ ਘਰ ਵਿੱਚ ਇਕੱਠੇ ਰਹਿ ਰਹੇ ਹੋ?ਕੀ ਤੁਹਾਡਾ ਪਰਿਵਾਰ ਮੌਸਮੀ ਆਧਾਰ ਤੇ ਨਵੀਂ ਥਾਂ ਜਾ ਕੇ ਵੱਸਦਾ ਹੈ?ਕੀ ਤੁਹਾਡੇ ਨਾਲ ਕੋਈ ਅਜਿਹੇ ਬੱਚੇ ਰਹਿ ਰਹੇ ਹਨ, ਜਿਹਨਾਂ ਨੇ ਆਪਣੇ ਪਹਿਲੇ ਪਰਿਵਾਰ ਜਾਂ ਘਰ ਨੂੰ ਛੱਡਣ ਦੀ ਚੋਣ ਕੀਤੀ ਹੈ?ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਘਰ ਵਿੱਚ ਰਹਿ ਰਹੇ ਬੱਚੇ ਇਹਨਾਂ ਵਰਣਨਾਂ ਨਾਲ ਮੇਲ ਖਾਂਦੇ ਹਨ ਅਤੇ ਇਹ ਨਹੀਂ ਦੱਸਿਆ ਗਿਆ ਹੈ ਕਿ ਤੁਹਾਡੇ ਬੱਚਿਆਂ ਨੂੰ ਮੁਫ਼ਤ ਭੋਜਨ ਮਿਲੇਗਾ, ਤਾਂ ਕਿਰਪਾ ਕਰਕੇ **Franklin Township Community School Corporations, homeless liaison or migrant coordinator** ਨੂੰ ਫੋਨ ਜਾਂ ਈਮੇਲ ਕਰੋ।

3. ਕੀ ਮੈਨੂੰ ਹਰੇਕ ਬੱਚੇ ਲਈ ਇੱਕ ਅਰਜ਼ੀ ਦੇਣੀ ਪਏਗੀ?ਨਹੀਂ। *ਆਪਣੇ ਘਰ ਵਿੱਚ ਰਹਿ ਰਹੇ ਸਾਰੇ ਵਿਦਿਆਰਥੀਆਂ ਲਈ ਇੱਕ ਮੁਫ਼ਤ ਅਤੇ ਘਟੇ ਮੁੱਲ ਸਕੂਲ ਭੋਜਨ ਦੀ ਅਰਜ਼ੀ ਦਿਓ*।ਅਸੀਂ ਉਸ ਅਰਜ਼ੀ ਨੂੰ ਮਨਜ਼ੂਰ ਨਹੀਂ ਕਰ ਸਕਦੇ, ਜੋਪੂਰੀਨਾਹੋਵੇ, ਇਸਲਈਸਾਰੀਲੋੜੀਂਦੀਜਾਣਕਾਰੀਭਰਨਾਯਕੀਨੀਬਣਾਓ।ਪੂਰੀਕੀਤੀਅਰਜ਼ੀਇੱਥੇਵਾਪਸਕਰੋ: **Franklin Township Community School Corporations, 6141 South Franklin Road Indianapolis Indiana 46259, 317-862-2411।**

4. ਜੇਕਰ ਮੈਨੂੰ ਇਸ ਸਕੂਲ ਸਾਲ ਵਿੱਚ ਇੱਕ ਪੱਤਰ ਪ੍ਰਾਪਤ ਹੋਇਆ ਹੋਵੇ, ਜਿਸ ਵਿੱਚ ਲਿਖਿਆ ਹੋਵੇ ਕਿ ਮੇਰੇ ਬੱਚਿਆਂ ਨੂੰ ਪਹਿਲਾਂ ਹੀ ਮੁਫ਼ਤ ਭੋਜਨ ਲਈ ਮਨਜ਼ੂਰੀ ਮਿਲੀ ਹੋਈ ਹੈ, ਤਾਂ ਕੀ ਮੈਨੂੰ ਅਰਜ਼ੀ ਦੇਣੀ ਹੋਵੇਗੀ?ਨਹੀਂ, ਪਰੰਤੂ ਕਿਰਪਾ ਕਰਕੇ ਤੁਹਾਨੂੰ ਪ੍ਰਾਪਤ ਹੋਇਆ ਪੱਤਰ ਧਿਆਨ ਨਾਲ ਪੜ੍ਹੋ ਅਤੇ ਨਿਰਦੇਸ਼ਾਂ ਦੀ ਪਾਲਣਾ ਕਰੋ।ਜੇਕਰ ਤੁਹਾਡੇ ਘਰ ਵਿੱਚ ਕੋਈ ਵੀ ਬੱਚਾ ਤੁਹਾਡੀ ਪਾਤਰਤਾ ਸੂਚਨਾ ਤੋਂ ਵਾਂਝਾ ਰਹਿ ਗਿਆ ਸੀ, ਤਾਂ ਤੁਰੰਤ **Child Nutrition Department @ 317-862-2411** ਨੂੰ ਸੰਪਰਕ ਕਰੋ।

5. ਕੀ ਮੈਂ ਔਨਲਾਈਨ ਅਰਜ਼ੀ ਦੇ ਸਕਦਾ ਹਾਂ?ਹਾਂ!ਜੇਕਰ ਤੁਸੀਂ ਕਰ ਸਕੋ ਤਾਂ ਤੁਹਾਨੂੰ ਪੇਪਰ ਅਰਜ਼ੀ ਦੀ ਬਜਾਏ ਔਨਲਾਈਨ ਅਰਜ਼ੀ ਪੂਰੀ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।ਔਨਲਾਈਨ ਅਰਜ਼ੀ ਵਿੱਚ ਵੀ ਉਹੀ ਸ਼ਰਤਾਂ ਹਨ ਅਤੇ ਪੇਪਰ ਅਰਜ਼ੀ ਵਾਂਗ ਹੀ ਤੁਹਾਡੇ ਤੋਂ ਉਹੀ ਜਾਣਕਾਰੀ ਦੀ ਮੰਗ ਕੀਤੀ ਜਾਏਗੀ।ਔਨਲਾਈਨ ਅਰਜ਼ੀ ਪ੍ਰਕਿਰਿਆ ਸ਼ੁਰੂ ਕਰਨ ਜਾਂ ਇਸ ਬਾਰੇ ਹੋਰ ਜਾਣਨ ਲਈ **ezmealapp.com** ਤੇ ਜਾਓ।ਜੇਕਰ ਔਨਲਾਈਨ ਅਰਜ਼ੀ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ **Child Nutrition Department @ 317-862-2411** ਤੇ ਸੰਪਰਕ ਕਰੋ।

6. ਮੇਰੇ ਬੱਚੇ ਦੀ ਅਰਜ਼ੀ ਪਿਛਲੇ ਸਾਲ ਮਨਜ਼ੂਰ ਕੀਤੀ ਗਈ ਸੀ।ਕੀ ਮੈਨੂੰ ਇੱਕ ਨਵੀਂ ਅਰਜ਼ੀ ਦੇਣ ਦੀ ਲੋੜ ਹੈ?ਹਾਂ।ਤੁਹਾਡੇ ਬੱਚੇ ਦੀ ਅਰਜ਼ੀ ਕੇਵਲ ਉਸ ਸਕੂਲ ਸਾਲ ਲਈ ਅਤੇ **September 13th, 2024** ਤੱਕ ਇਸ ਸਕੂਲ ਸਾਲ ਦੇ ਪਹਿਲੇ ਕੁਝ ਦਿਨਾਂ ਲਈ ਢੁਕਵੀਂ ਹੈ।ਤੁਹਾਨੂੰ ਇੱਕ ਨਵੀਂ ਅਰਜ਼ੀ ਭੇਜਣੀ ਹੋਵੇਗੀ, ਜਦੋਂ ਤੱਕ ਸਕੂਲ ਨੇ ਤੁਹਾਨੂੰ ਇਹ ਨਾ ਦੱਸਿਆ ਹੋਵੇ ਕਿ ਤੁਹਾਡਾ ਬੱਚਾ ਨਵੇਂ ਸਕੂਲ ਸਾਲ ਲਈ ਪਾਤਰ ਹੈ।ਜੇਕਰ ਤੁਸੀਂ ਇੱਕ ਨਵੀਂ ਅਰਜ਼ੀ ਨਹੀਂ ਭੇਜਦੇ, ਜੋ ਸਕੂਲ ਵੱਲੋਂ ਮਨਜ਼ੂਰ ਕੀਤੀ ਗਈ ਹੈ ਜਾਂ ਤੁਹਾਨੂੰ ਸੂਚਿਤ ਨਹੀਂ ਕੀਤਾ ਗਿਆ ਹੈ ਕਿ ਤੁਹਾਡਾ ਬੱਚਾ ਮੁਫ਼ਤ ਭੋਜਨ ਲਈ ਪਾਤਰ ਹੈ, ਤਾਂ ਤੁਹਾਡੇ ਬੱਚੇ ਤੋਂ ਭੋਜਨ ਲਈ ਪੂਰਾ ਮੁੱਲ ਲਿਆ ਜਾਏਗਾ।

7. ਮੈਨੂੰ WIC ਪ੍ਰਾਪਤ ਹੁੰਦਾ ਹੈ। ਕੀ ਮੇਰੇ ਬੱਚਿਆਂ ਨੂੰ ਮੁਫ਼ਤ ਭੋਜਨ ਪ੍ਰਾਪਤ ਹੋ ਸਕਦਾ ਹੈ?WIC ਵਿੱਚ ਭਾਗ ਲੈਣ ਵਾਲੇ ਘਰਾਂ ਵਿਚਲੇ ਬੱਚੇ ਮੁਫ਼ਤ ਜਾਂ ਘਟੇ ਮੁੱਲ ਦੇ ਭੋਜਨ ਲਈ ਪਾਤਰ ਹੋ ਸਕਦੇ ਹਨ।ਕਿਰਪਾ ਕਰਕੇ ਇੱਕ ਅਰਜ਼ੀ ਭੇਜੋ।

8. ਕੀ ਮੇਰੇ ਵੱਲੋਂ ਦਿੱਤੀ ਜਾਣਕਾਰੀ ਦੀ ਜਾਂਚ ਕੀਤੀ ਜਾਏਗੀ?ਹਾਂ।ਅਸੀਂ ਤੁਹਾਨੂੰ ਤੁਹਾਡੇ ਵੱਲੋਂ ਦੱਸੀ ਘਰੇਲੂ ਆਮਦਨੀ ਦਾ ਲਿਖਤ ਪ੍ਰਮਾਣ ਭੇਜਣ ਲਈ ਵੀ ਕਹਿ ਸਕਦੇ ਹਾਂ।

**9.** ਜੇਕਰ ਮੈਂ ਹੁਣ ਪਾਤਰ ਨਹੀਂ ਹਾਂ, ਤਾਂ ਕੀ ਮੈਂ ਬਾਅਦ ਵਿੱਚ ਅਰਜ਼ੀ ਦੇ ਸਕਦਾ ਹਾਂ?ਹਾਂ, ਤੁਸੀਂ ਸਕੂਲ ਸਾਲ ਦੇ ਦੌਰਾਨ ਕਿਸੇ ਵੀ ਸਮੇਂ ਅਰਜ਼ੀ ਦੇ ਸਕਦੇ ਹੋ।ਉਦਾਹਰਨ ਲਈ, ਉਸ ਮਾਪੇ ਜਾਂ ਸਰਪ੍ਰਸਤ, ਜੋ ਬੇਰੋਜ਼ਗਾਰ ਹੋ ਜਾਣ, ਨਾਲ ਰਹਿਣ ਵਾਲੇ ਬੱਚੇ ਮੁਫ਼ਤ ਅਤੇ ਘਟੇ ਮੁੱਲ ਦੇ ਭੋਜਨ ਲਈ ਪਾਤਰ ਹੋ ਸਕਦੇ ਹਨ, ਜੇਕਰ ਘਰੇਲੂ ਆਮਦਨੀ, ਆਮਦਨੀ ਸੀਮਾ ਤੋਂ ਘੱਟ ਹੋ ਜਾਂਦੀ ਹੈ।

**10.** ਜੇਕਰ ਮੈਂ ਆਪਣੀ ਅਰਜ਼ੀ ਬਾਰੇ ਸਕੂਲ ਦੇ ਫ਼ੈਸਲੇ ਤੋਂ ਅਸਹਿਮਤ ਹੋਵਾਂ ਤਾਂ ਕੀ ਹੋਵੇਗਾ?ਤੁਹਾਨੂੰ ਸਕੂਲ ਦੇ ਅਧਿਕਾਰੀਆਂ ਨਾਲ ਗੱਲ ਕਰਨੀ ਚਾਹੀਦੀ ਹੈ।ਤੁਸੀਂ ਇੱਥੇ ਫੋਨ ਕਰਕੇ ਜਾਂ ਪੱਤਰ ਭੇਜ ਕੇ ਇੱਕ ਸੁਣਵਾਈ ਦੀ ਮੰਗ ਕਰ ਸਕਦੇ ਹੋ: **Kaitlin Porter, Director of Business/Operation, 6141 S. Franklin Rd., Indianapolis, IN. 46259।**

**11.** ਜੇਕਰ ਮੇਰੇ ਘਰ ਦਾ ਕੋਈ ਮੈਂਬਰ ਅਮਰੀਕੀ ਨਾਗਰਿਕ ਨਹੀਂ ਹੈ ਤਾਂ ਕੀ ਤਦ ਮੈਂ ਅਰਜ਼ੀ ਦੇ ਸਕਦਾ ਹਾਂ?ਹਾਂ।ਤੁਹਾਡੇ, ਤੁਹਾਡੇ ਬੱਚੇ ਜਾਂ ਘਰ ਦੇ ਹੋਰ ਮੈਂਬਰਾਂ ਦਾ ਮੁਫ਼ਤ ਜਾਂ ਘਟੇ ਮੁੱਲ ਦੇ ਭੋਜਨ ਲਈ ਅਰਜ਼ੀ ਦੇਣ ਲਈ ਅਮਰੀਕੀ ਨਾਗਰਿਕ ਹੋਣਾ ਲਾਜ਼ਮੀ ਨਹੀਂ ਹੈ।

**12.** ਜੇਕਰ ਮੇਰੀ ਆਮਦਨੀ ਹਮੇਸ਼ਾ ਇੱਕੋ ਜਿਹੀ ਨਹੀਂ ਰਹਿੰਦੀ ਤਾਂ ਕੀ ਹੋਵੇਗਾ?ਉਹ ਰਕਮ ਦਰਜ ਕਰੋ, ਜੋ ਤੁਸੀਂ ਆਮ ਤੌਰ ਤੇ ਪ੍ਰਾਪਤ ਕਰਦੇ ਹੋ।ਉਦਾਹਰਨ ਲਈ, ਜੇਕਰ ਤੁਸੀਂ ਹਰੇਕ ਮਹੀਨੇ ਆਮ ਤੌਰ ਤੇ $1000 ਕਮਾਉਂਦੇ ਹੋ, ਪਰੰਤੂ ਪਿਛਲੇ ਮਹੀਨੇ ਤੁਸੀਂ ਥੋੜ੍ਹਾ ਕੰਮ ਨਹੀਂ ਕੀਤਾ ਅਤੇ ਕੇਵਲ $900 ਕਮਾਏ, ਤਾਂ ਇਹ ਲਿਖੋ ਕਿ ਤੁਸੀਂ ਪ੍ਰਤੀ ਮਹੀਨੇ $1000 ਕਮਾਏ ਹਨ।ਜੇਕਰ ਤੁਸੀਂ ਆਮ ਤੌਰ ਤੇ ਓਵਰਟਾਈਮ ਪ੍ਰਾਪਤ ਕਰਦੇ ਹੋ, ਤਾਂ ਇਸਨੂੰ ਸ਼ਾਮਲ ਕਰੋ ਪਰੰਤੂ ਜੇਕਰ ਤੁਸੀਂ ਕੇਵਲ ਕਦੇ-ਕਦਾਈਂ ਹੀ ਓਵਰਟਾਈਮ ਕੰਮ ਕਰਦੇ ਹੋ ਤਾਂ ਉਸਨੂੰ ਸ਼ਾਮਲ ਨਾ ਕਰੋ।ਜੇਕਰ ਤੁਹਾਡੀ ਨੌਕਰੀ ਛੁੱਟ ਗਈ ਹੈ ਜਾਂ ਤੁਹਾਡੇ ਘੰਟੇ ਜਾਂ ਮਜ਼ਦੂਰੀ ਘਟ ਗਈ ਹੈ, ਤਾਂ ਆਪਣੀ ਵਰਤਮਾਨ ਆਮਦਨੀ ਲਿਖੋ।

13. ਜੇਕਰ ਘਰ ਦੇ ਕਿਸੇ ਮੈਂਬਰ ਦੀ ਦੱਸਣ ਲਈ ਕੋਈ ਆਮਦਨੀ ਨਾ ਹੋਵੇ ਤਾਂ ਕੀ ਹੋਵੇਗਾ?ਘਰ ਦੇ ਮੈਂਬਰ ਕੁਝ ਪ੍ਰਕਾਰ ਦੀ ਆਮਦਨੀ ਪ੍ਰਾਪਤ ਨਹੀਂ ਵੀ ਕਰਦੇ ਹੋ ਸਕਦੇ ਜਾਂ ਬਿਲਕੁਲ ਵੀ ਆਮਦਨੀ ਪ੍ਰਾਪਤ ਨਹੀਂ ਕਰਦੇ ਹੋ ਸਕਦੇ, ਜੋ ਅਸੀਂ ਤੁਹਾਨੂੰ ਅਰਜ਼ੀ ਵਿੱਚ ਦੱਸਣ ਲਈ ਕਹਿੰਦੇ ਹਾਂ।ਜਦੋਂ ਵੀ ਅਜਿਹਾ ਹੋਵੇ, ਤਾਂ ਕਿਰਪਾ ਕਰਕੇ ਉਸ ਭਾਗ ਵਿੱਚ 0 ਲਿਖੋ।ਹਾਲਾਂਕਿ, ਜੇਕਰ ਕੋਈ ਆਮਦਨੀ ਭਾਗ ਖਾਲੀ ਜਾਂ ਨਿਰਉੱਤਰ ਛੱਡੇ ਜਾਂਦੇ ਹਨ, ਤਾਂ ਉਹ ਵੀ ਸਿਫ਼ਰ ਦੇ ਤੌਰ ਤੇ ਗਿਣੇ ਜਾਣਗੇ।ਕਿਰਪਾ ਕਰਕੇ ਆਮਦਨੀ ਭਾਗਾਂ ਨੂੰ ਨਿਰਉੱਤਰ ਛੱਡਣ ਵੇਲੇ ਸੁਚੇਤ ਰਹੋ, ਕਿਉਂਕਿ ਅਸੀਂ ਇਹ ਮੰਨਾਂਗੇ ਕਿ ਤੁਸੀਂ ਜਾਣਬੁੱਝ ਕੇ ਅਜਿਹਾ ਕੀਤਾ ਹੈ।

**14.** ਅਸੀਂ ਮਿਲਟਰੀ ਵਿੱਚ ਹਾਂ, ਕੀ ਸਾਨੂੰ ਆਪਣੀ ਆਮਦਨੀ ਵੱਖਰੇ ਤੌਰ ਤੇ ਦੱਸਣੀ ਹੋਵੇਗੀ?ਤੁਹਾਡੀ ਮੂਲ ਆਮਦਨੀ ਅਤੇ ਨਕਦ ਬੋਨਸਾਂ ਨੂੰ ਆਮਦਨੀ ਦੇ ਤੌਰ ਤੇ ਦੱਸਿਆ ਜਾਣਾ ਚਾਹੀਦਾ ਹੈ।ਜੇਕਰ ਤੁਸੀਂ ਔਫ-ਬੇਸ (ਮਿਲਟਰੀ ਬੇਸ ਤੋਂ ਬਾਹਰ) ਰਿਹਾਇਸ਼, ਭੋਜਨ ਜਾਂ ਕੱਪੜਿਆਂ ਲਈ ਕਿਸੇ ਵੀ ਨਕਦ ਮੁੱਲ ਦੇ ਭੱਤੇ ਪ੍ਰਾਪਤ ਕਰਦੇ ਹੋ, ਤਾਂ ਇਸਨੂੰ ਵੀ ਆਮਦਨੀ ਦੇ ਤੌਰ ਤੇ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।ਹਾਲਾਂਕਿ, ਜੇਕਰ ਤੁਹਾਡੀ ਰਿਹਾਇਸ਼ ਮਿਲਟਰੀ ਹਾਊਸਿੰਗ ਪ੍ਰਾਈਵੇਟਾਈਜ਼ੇਸ਼ਨ ਇਨਸ਼ੀਏਟਿਵ (Military Housing Privatization Initiative) ਦਾ ਹਿੱਸਾ ਹੈ, ਤਾਂ ਆਪਣੇ ਰਿਹਾਇਸ਼ ਭੱਤੇ ਨੂੰ ਆਮਦਨੀ ਦੇ ਤੌਰ ਤੇ ਸ਼ਾਮਲ ਨਾ ਕਰੋ।ਤੈਨਾਤੀ ਦੇ ਸਿੱਟੇ ਵਜੋਂ ਕਿਸੇ ਵੀ ਵਾਧੂ ਲੜਾਈ ਭੁਗਤਾਨ ਨੂੰ ਵੀ ਆਮਦਨੀ ਤੋਂ ਬਾਹਰ ਰੱਖਿਆ ਜਾਂਦਾ ਹੈ।

**15.** ਜੇਕਰ ਮੇਰੇ ਪਰਿਵਾਰ ਲਈ ਅਰਜ਼ੀ ਵਿੱਚ ਪੂਰੀ ਥਾਂ ਨਾ ਹੋਵੇ ਤਾਂ ਕੀ ਹੋਵੇਗਾ?ਕਿਸੇ ਵੀ ਵਾਧੂ ਪਰਿਵਾਰਕ ਮੈਂਬਰਾਂ ਨੂੰ ਕਿਸੇ ਵੱਖਰੇ ਕਾਗਜ਼ ਤੇ ਦਰਜ ਕਰੋ ਅਤੇ ਉਸ ਕਾਗਜ਼ ਨੂੰ ਆਪਣੀ ਅਰਜ਼ੀ ਨਾਲ ਨੱਥੀ ਕਰ ਦਿਓ।ਇੱਕ ਦੂਜੀ ਅਰਜ਼ੀ ਪ੍ਰਾਪਤ ਕਰਨ ਲਈ**[name, address, phone number, e-mail]** ਨੂੰ ਸੰਪਰਕ ਕਰੋ।

16. ਮੇਰੇ ਪਰਿਵਾਰ ਨੂੰ ਹੋਰ ਮਦਦ ਦੀ ਲੋੜ ਹੈ।ਕੀ ਕੋਈ ਹੋਰ ਕਾਰਜਕਰਮ ਹਨ, ਜਿਹਨਾਂ ਲਈ ਅਸੀਂ ਅਰਜ਼ੀ ਦੇ ਸਕਦੇ ਹਾਂ?ਇਹ ਜਾਣਨ ਲਈ ਕਿ **[State SNAP]** ਲਈ ਜਾਂ ਕਿਸੇ ਹੋਰ ਸਹਾਇਤਾ ਫ਼ਾਇਦਿਆਂ ਲਈ ਅਰਜ਼ੀ ਕਿਵੇਂ ਦਿੱਤੀ ਜਾਏ, ਆਪਣੇ ਸਥਾਨਕ ਸਹਾਇਤਾ ਦਫ਼ਤਰ ਵਿਖੇ ਸੰਪਰਕ ਕਰੋ ਜਾਂ **1-800-403-0864**ਤੇ ਫੋਨ ਕਰੋ।

ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਤੁਹਾਨੂੰ ਮਦਦ ਦੀ ਲੋੜ ਹੈ, ਤਾਂ **Child Nutrition Department @ 317-862-2411**ਤੇ ਫੋਨ ਕਰੋ।

ਸੁਹਿਰਦਤਾ ਨਾਲ,

**Dr. Chase Huotari, FTCSC Superintendent**